ਉਚੇਰੀ ਸਿੱਖਿਆ ਵਿਭਾਗ

(ਸਿੱਖਿਆ 1 ਸ਼ਾਖਾ)

ਮਿਤੀ 2 ਸਤੰਬਰ, 2009

ਨੰ: 10/3/09-3ਸਿ1/3321.—ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੀਆਂ ਸਿਫਾਰਸਾਂ ਦੀ ਰੌਸ਼ਨੀ ਵਿੱਚ ਭਾਰਤ ਸਰਕਾਰ ਦੇ ਫੈਸਲੇ ਨੂੰ ਅਹਿਮੀਅਤ ਦਿੰਦੇ ਹੋਏ, ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਹੇਠਾਂ ਦਰਸਾਏ ਵੇਰਵੇ ਅਨੁਸਾਰ ਪਹਿਲੀ ਜਨਵਰੀ, 2006 ਤੋਂ ਰਾਜ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਅਧਿਆਪਕਾਂ ਅਤੇ ਬਰਾਬਰ ਦੇ ਕਾਡਰਾਂ ਦੇ ਸੋਧੇ ਤਨਖਾਹ ਦੇ ਸਕੇਲ ਜਾਰੀ ਕਰਨ ਦੀ ਪ੍ਰਵਾਨਗੀ ਦਿੰਦੇ ਹਨ :—

(i) ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਅਧਿਆਪਕਾਂ ਅਤੇ ਬਰਾਬਰ ਦੇ ਕਾਡਰਾਂ ਦੀ ਤਨਖਾਹ ਦਾ ਸਕੇਲ :—

| ਮੌਜੂਦਾ | | | ਸੋਧੇ ਹੋਏ | |
|---|---|---|---|---|
| ਲੜੀ ਨੰ: | ਕੈਟਾਗਰੀ | ਤਨਖਾਹ ਦੇ ਸਕੇਲ | ਤਨਖਾਹ ਦੇ ਸਕੇਲ | ਅਹੁਦਾ |
| **ਯੂਨੀਵਰਸਿਟੀਆਂ ਅਤੇ ਕਾਲਜ ਅਧਿਆਪਕਾਂ ਲਈ :** | | | | |
| | | Rs. | Rs. | |
| 1 | ਲੈਕਚਰਾਰ | 8,000—275—13,500 | 15,600—39,100+ AGP 6000 | ਸਹਾਇਕ ਪ੍ਰੋਫੈਸਰ |
| 2 | ਲੈਕਚਰਾਰ (ਸੀਨੀਅਰ ਗ੍ਰੇਡ) | 10,000—325—15,200 | 15,600—39,100+ AGP 7,000 | ਸਹਾਇਕ ਪ੍ਰੋਫੈਸਰ |
| 3 | ਲੈਕਚਰਾਰ (ਸਲੈਕਸ਼ਨ ਗ੍ਰੇਡ)/ ਰੀਡਰ (ਤਿੰਨ ਸਾਲ ਤੋਂ ਘੱਟ ਸੇਵਾ ਨਾਲ) | 12,000—420—18,300 | 15,600—39100+ AGP 8000 | ਸਹਾਇਕ ਪ੍ਰੋਫੈਸਰ |
| 4 | ਲੈਕਚਰਾਰ (ਸਲੈਕਸ਼ਨ ਗ੍ਰੇਡ)/ ਰੀਡਰ (ਤਿੰਨ ਸਾਲ ਦੀ ਸੇਵਾ ਨਾਲ) | 12,000—420—18,300 | 37,400—67,000+ AGP 9,000 | ਐਸੋਸੀਏਟ ਪ੍ਰੋਫੈਸਰ |
| 5 | ਪ੍ਰੋਫੈਸਰ | 16,400—450—22,400 | 37,400—67,000+ AGP 10,000 | ਪ੍ਰੋਫੈਸਰ |
| | | | 37,400—67,000+ AGP 12,000 | ਪ੍ਰੋਫੈਸਰ |
| 6 | ਕਾਲਜਾਂ ਦੇ ਪ੍ਰਿੰਸੀਪਲ | (i) 12,000—420—18,300 | 37,400—67,000+ AGP 10,000+ ਸਪੈਸ਼ਲ ਅਲਾਊਂਸ 2000 ਰੁਪਏ ਪ੍ਰਤੀ ਮਹੀਨਾ ਅੰਡਰ ਗਰੈਜੂਏਟ ਕਾਲਜਾਂ ਲਈ 3000 ਰੁਪਏ ਪੋਸਟ ਗਰੈਜੂਏਟ ਕਾਲਜਾਂ ਲਈ | ਪ੍ਰਿੰਸੀਪਲ |

Scanned with CamScanner

| ਮੌਜੂਦਾ | | | ਸੋਧੇ ਹੋਏ | |
|---|---|---|---|---|
| ਲੜੀ ਨੰ. | ਕੈਟਾਗਰੀ | ਤਨਖਾਹ ਦੇ ਸਕੇਲ | ਤਨਖਾਹ ਦੇ ਸਕੇਲ | ਅਹੁਦਾ |
| | | (ii) 16,400—450—20,900—500—22,400 | 37,400—67,000+ AGP 10,000+ ਸਪੈਸ਼ਲ ਅਲਾਊਂਸ of Rs.2000 ਪ੍ਰਤੀ ਮਹੀਨਾ ਅੰਡਰ ਗਰੈਜੂਏਟ ਕਾਲਜਾਂ ਲਈ 3000 ਰੁਪਏ ਪੋਸਟ ਗਰੈਜੂਏਟ ਕਾਲਜਾਂ ਲਈ | ਪ੍ਰਿੰਸੀਪਲ |
| 7 | ਵਾਈਸ ਚਾਂਸਲਰ | 25,000 (Fixed) | 75,000 (Fixed)+ ਸਪੈਸ਼ਲ ਅਲਾਊਂਸ 5000 ਰੁਪਏ ਪ੍ਰਤੀ ਮਹੀਨਾ | ਵਾਈਸ ਚਾਂਸਲਰ |
| ਯੂਨੀਵਰਸਿਟੀਆਂ ਲਈ : | | | | |
| | | Rs. | Rs. | |
| 8 | ਸਹਾਇਕ ਲਾਇਬਰੇਰੀਅਨ/ ਸਹਾਇਕ ਡਾਇਰੈਕਟਰ ਸਰੀਰਕ ਸਿੱਖਿਆ | 8,000—275—13,500 | 15,600—39,100+ AGP 6,000 | ਸਹਾਇਕ ਲਾਇਬਰੇਰੀਅਨ/ ਸਹਾਇਕ ਡਾਇਰੈਕਟਰ ਸਰੀਰਕ ਸਿੱਖਿਆ |
| 9 | ਸਹਾਇਕ ਲਾਇਬਰੇਰੀਅਨ/ ਸਹਾਇਕ ਡਾਇਰੈਕਟਰ ਸਰੀਰਕ ਸਿੱਖਿਆ (ਸੀਨੀਅਰ ਸਕੇਲ) | 10,000—325—15,200 | 15,600—39,100+ AGP 7,000 | ਸਹਾਇਕ ਲਾਇਬਰੇਰੀਅਨ/ ਸਹਾਇਕ ਡਾਇਰੈਕਟਰ ਸਰੀਰਕ ਸਿੱਖਿਆ (ਸੀਨੀਅਰ ਸਕੇਲ) |
| 10 | ਡਿਪਟੀ ਲਾਇਬਰੇਰੀਅਨ/ ਸਹਾਇਕ ਲਾਇਬਰੇਰੀਅਨ (ਸਲੈਕਸ਼ਨ ਗਰੇਡ) ਡਿਪਟੀ ਡਾਇਰੈਕਟਰ/ਸਹਾਇਕ ਡਾਇਰੈਕਟਰ/ਸਰੀਰਕ ਸਿੱਖਿਆ (ਸਲੈਕਸ਼ਨ ਗਰੇਡ) (ਤਿੰਨ ਸਾਲ ਤੋਂ ਘੱਟ ਸੇਵਾ ਨਾਲ) | 12,000—420—18,300 | 15,600—39,100+ AGP 8,000 | ਡਿਪਟੀ ਲਾਇਬਰੇਰੀਅਨ/ ਸਹਾਇਕ ਲਾਇਬਰੇਰੀਅਨ (ਸਲੈਕਸ਼ਨ ਗਰੇਡ) ਡਿਪਟੀ ਡਾਇਰੈਕਟਰ/ਸਹਾਇਕ ਡਾਇਰੈਕਟਰ/ਸਰੀਰਕ ਸਿੱਖਿਆ (ਸਲੈਕਸ਼ਨ ਗਰੇਡ) (ਤਿੰਨ ਸਾਲ ਤੋਂ ਘੱਟ ਸੇਵਾ ਨਾਲ) |
| 11 | ਡਿਪਟੀ ਲਾਇਬਰੇਰੀਅਨ/ ਸਹਾਇਕ ਲਾਇਬਰੇਰੀਅਨ (ਸਲੈਕਸ਼ਨ ਗਰੇਡ) ਡਿਪਟੀ ਡਾਇਰੈਕਟਰ/ਸਹਾਇਕ ਡਾਇਰੈਕਟਰ/ਸਰੀਰਕ ਸਿੱਖਿਆ (ਸਲੈਕਸ਼ਨ ਗਰੇਡ) (ਤਿੰਨ ਸਾਲ ਦੀ ਸੇਵਾ ਨਾਲ) | 12,000—420—18,300 | 37,400—67,000+ AGP 9,000 | ਡਿਪਟੀ ਲਾਇਬਰੇਰੀਅਨ/ ਸਹਾਇਕ ਲਾਇਬਰੇਰੀਅਨ (ਸਲੈਕਸ਼ਨ ਗਰੇਡ) ਡਿਪਟੀ ਡਾਇਰੈਕਟਰ/ਸਹਾਇਕ ਡਾਇਰੈਕਟਰ ਸਰੀਰਕ ਸਿੱਖਿਆ (ਸਲੈਕਸ਼ਨ ਗਰੇਡ) (ਤਿੰਨ ਸਾਲ ਦੀ ਸੇਵਾ ਨਾਲ) |

Scanned with CamScanner

| | ਮੌਜੂਦਾ | | ਸੋਧੇ ਹੋਏ | |
|---|---|---|---|---|
| ਲੜੀ ਨੰ: | ਕੇਟਾਗਰੀ | ਤਨਖਾਹ ਦੇ ਸਕੇਲ | ਤਨਖਾਹ ਦੇ ਸਕੇਲ | ਅਹੁਦਾ |
| 12 | ਲਾਇਬਰੇਰੀਅਨ/ ਡਾਇਰੈਕਟਰ ਸਰੀਰਕ ਸਿੱਖਿਆ | 16,400—450—20,500—500—22,400 | 37,400—67,000+ AGP 10,000 | ਲਾਇਬਰੇਰੀਅਨ/ ਡਾਇਰੈਕਟਰ ਸਰੀਰਕ ਸਿੱਖਿਆ |
| ਕਾਲਜਾਂ ਲਈ : | | | | |
| 13 | ਕਾਲਜ ਲਾਇਬਰੇਰੀਅਨ/ ਡਾਇਰੈਕਟਰ ਸਰੀਰਕ ਸਿੱਖਿਆ | 8,000—275—13,500 | 15,600—39,100+ AGP 6,000 | ਕਾਲਜ ਲਾਇਬਰੇਰੀਅਨ/ ਡਾਇਰੈਕਟਰ ਸਰੀਰਕ ਸਿੱਖਿਆ |
| 14 | ਕਾਲਜ ਲਾਇਬਰੇਰੀਅਨ/ ਡਾਇਰੈਕਟਰ ਸਰੀਰਕ ਸਿੱਖਿਆ (ਸਲੈਕਸ਼ਨ ਗਰੇਡ) | 10,000—325—15,200 | 15,600—39,100+ AGP 7,000 | ਕਾਲਜ ਲਾਇਬਰੇਰੀਅਨ/ ਡਾਇਰੈਕਟਰ ਸਰੀਰਕ ਸਿੱਖਿਆ (ਸਲੈਕਸ਼ਨ ਗਰੇਡ) |
| 15 | ਕਾਲਜ ਲਾਇਬਰੇਰੀਅਨ/ ਡਾਇਰੈਕਟਰ ਸਰੀਰਕ ਸਿੱਖਿਆ (ਸਲੈਕਸ਼ਨ ਗਰੇਡ) (ਤਿੰਨ ਸਾਲ ਤੋਂ ਘੱਟ ਨੌਕਰੀ ਨਾਲ) | 12,000—420—18,300 | 15,600—39,100+ AGP 8,000 | ਕਾਲਜ ਲਾਇਬਰੇਰੀਅਨ/ ਡਾਇਰੈਕਟਰ ਸਰੀਰਕ ਸਿੱਖਿਆ (ਸਲੈਕਸ਼ਨ ਗਰੇਡ) (ਤਿੰਨ ਸਾਲ ਤੋਂ ਘੱਟ ਨੌਕਰੀ ਨਾਲ) |
| 16 | ਕਾਲਜ ਲਾਇਬਰੇਰੀਅਨ/ ਡਾਇਰੈਕਟਰ ਸਰੀਰਕ ਸਿੱਖਿਆ (ਸਲੈਕਸ਼ਨ ਗਰੇਡ) (ਤਿੰਨ ਸਾਲ ਦੀ ਨੌਕਰੀ ਨਾਲ) | 12,000—420—18,300 | 37,400—67,000+ AGP 9,000 | ਕਾਲਜ ਲਾਇਬਰੇਰੀਅਨ/ ਡਾਇਰੈਕਟਰ ਸਰੀਰਕ ਸਿੱਖਿਆ (ਸਲੈਕਸ਼ਨ ਗਰੇਡ) (ਤਿੰਨ ਸਾਲ ਦੀ ਨੌਕਰੀ ਨਾਲ) |

(ii) ਸਾਰਣੀਆਂ ਵਿੱਚ ਦਰਸਾਏ ਅਨੁਸਾਰ ਵੱਖ-ਵੱਖ ਸ੍ਰੇਣੀਆਂ ਦੀਆਂ ਆਸਾਮੀਆਂ ਵਿੱਚ 1 ਜਨਵਰੀ, 2006 ਨੂੰ ਅਹੁੱਦੇ ਉਤੇ ਕੰਮ ਕਰ ਰਹੇ ਮੌਜੂਦਾ ਅਹੁਦੇ ਦੀ ਤਨਖਾਹ ਨਿਸ਼ਚਿਤ ਕਰਨ ਲਈ ਫਿਟਮੈਂਟ ਟੇਬਲ (ਟੇਬਲ ਨੰ: 1 ਤੋਂ 6) ਅਨੁਲੱਗ 1 ਵਜੋਂ ਇਸ ਪੱਤਰ ਦੇ ਨਾਲ ਨੱਥੀ ਕੀਤੇ ਗਏ ਸਨ ।

(iii) ਅਦਾਇਗੀ ਮੌਜੂਦਾ ਅਹੁਦੇਦਾਰਾਂ ਪਾਸੋਂ ਇਸ ਸਬੰਧ ਵਿੱਚ ਇਹ ਹਲਫੀਆ ਬਿਆਨ ਲੈਣ ਤੋਂ ਬਾਅਦ ਕੀਤੀ ਜਾਵੇਗੀ ਕਿ ਜੇਕਰ ਕੋਈ ਪੇ ਬੈਂਡ ਜਾਂ ਏ ਜੀ.ਪੀ. ਵਿੱਚ ਤਨਖਾਹ ਦੇ ਗਲਤ ਨਿਰਧਾਰਣ ਕਰਕੇ ਵਾਧੂ ਰਕਮ ਦੀ ਅਦਾਇਗੀ ਕੀਤੀ ਗਈ ਹੋਵੇ ਤਾਂ ਉਸ ਨੂੰ ਭਵਿੱਖ ਵਿੱਚ ਬਣਦੀਆਂ ਅਦਾਇਗੀਆਂ ਦੇ ਵਿਰੁੱਧ ਐਡਜਸਟ ਕਰ ਲਿਆ ਜਾਵੇਗਾ ।

(iv) ਸੋਧੇ ਹੋਏ ਸਕੇਲ ਵਿੱਚ ਤਨਖਾਹ ਪਹਿਲੀ ਅਗਸਤ, 2009 ਤੋਂ ਨਗਦ ਅਦਾਇਗੀ ਯੋਗ ਹੋਵੇਗੀ । ਪਹਿਲੀ ਜਨਵਰੀ 2006 ਤਕ ਦੇ ਸਮੇਂ ਲਈ ਬਕਾਇਆ ਰਕਮਾਂ (ਏਰੀਅਰਜ਼) ਸਮੇਂ-ਸਮੇਂ ਸਿਰ ਕਿਸ਼ਤਾਂ ਵਿੱਚ ਜਾਰੀ ਕੀਤੇ ਜਾਣਗੇ ।

2. ਸੋਧੇ ਹੋਏ ਤਨਖਾਹ ਸਕੇਲ ਯੂਨੀਵਰਸਿਟੀਆਂ (ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸਮੇਤ) ਸਰਕਾਰੀ ਕਾਲਜਾਂ, ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਦੇ ਅਧਿਆਪਕਾਂ ਅਤੇ ਕਾਲਜਾਂ ਦੇ ਡਾਇਰੈਕਟੋਰੇਟ ਅਤੇ ਬਰਾਬਰ ਦੇ ਕਾਡਰਾਂ ਲਈ ਹੀ ਲਾਗੂ ਹੋਣ ਯੋਗ ਹਨ । ਪੱਤਰ ਨੰ: 1-32/2006 ਐਫ.ਯੂ. II/ਯੂ. ਆਈ.(†), ਮਿਤੀ 31 ਦਸੰਬਰ, 2008 ਰਾਹੀਂ ਭਾਰਤ ਸਰਕਾਰ, ਮਨੁੱਖੀ ਸੰਸਾਧਨ ਵਿਕਾਸ ਮੰਤਰਾਲਾ ਵੱਲੋਂ ਜਾਰੀ ਕੀਤੀ ਗਈ 6 ਵੇਂ ਤਨਖਾਹ ਕਮਿਸ਼ਨ ਦੀ ਨੋਟੀਫਿਕੇਸ਼ਨ ਵਿੱਚ ਦਰਸਾਈਆਂ ਹੋਰ ਸਿਫਾਰਸ਼ਾਂ/ਲਾਭਾਂ/ਭੱਤਿਆਂ ਬਾਰੇ ਵਿਚਾਰ ਕਰਨ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ । ਜਿਵੇਂ ਅਤੇ ਜਦੋਂ ਵੀ ਇਸ ਕਮੇਟੀ ਦੀਆਂ ਸਿਫਾਰਸ਼ਾਂ ਪ੍ਰਾਪਤ ਹੋ ਜਾਣਗੀਆਂ, ਉਵੇਂ ਅਤੇ ਉਦੋਂ ਹੀ ਲੋੜੀਂ ਦੀ ਕਾਰਵਾਈ ਕਰ ਲਈ ਜਾਵੇਗੀ ।

Scanned with CamScanner

3. ਸੋਧੇ ਹੋਏ ਤਨਖਾਹ ਸਕੇਲ, ਤਨਖਾਹ ਢਾਂਚਾ, ਪਾਤਰਤਾ, ਕਿੱਤਾ, ਤਰੱਕੀ ਸਕੀਮ (ਕੈਰੀਅਰ ਐਡਵਾਂਸਮੈਂਟ ਸਕੀਮ) ਅਤੇ ਸੇਵਾ ਸ਼ਰਤਾਂ ਇਸ ਪੱਤਰ ਨਾਲ ਅਨੁਲੱਗ II ਵਜੋਂ ਨਾਲ ਨੱਥੀ ਕੀਤੀਆਂ ਜਾਂਦੀਆਂ ਹਨ । ਛੇਵੇਂ ਕੇਂਦਰੀ ਤਨਖਾਹ ਕਮਿਸ਼ਨ ਫਾਰਮੂਲੇ ਦੇ ਮੁਤਾਬਿਕ ਤਨਖਾਹ ਨਿਸ਼ਚਿਤ ਕਰਨ ਲਈ ਸਬੰਧਤ ਨਿਯਮ ਅਨੁਲੱਗ III ਵਜੋਂ ਨੱਥੀ ਕੀਤੇ ਜਾਂਦੇ ਹਨ ।

4. ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਮਿਲਣਯੋਗ ਭੱਤੇ, ਜਿਵੇਂ ਕਿ ਇਸ ਨੋਟੀਫਿਕੇਸ਼ਨ ਦੇ ਤਹਿਤ ਕਵਰ ਕੀਤੇ ਕਰਮਚਾਰਿਆਂ ਲਈ ਲਾਗੂ ਹੋਣ ਯੋਗ ਹਨ, ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਨੋਟੀਫਾਈ ਕੀਤੀਆਂ ਜਾਣ ਵਾਲੀਆਂ ਦਰਾਂ ਅਤੇ ਪੰਜਾਬ ਸਰਕਾਰ ਦੇ ਹੋਰਨਾਂ ਮੁਲਾਜ਼ਮਾਂ ਲਈ ਲਾਗੂ ਹੋਣ ਯੋਗ ਤਰੀਖਾਂ ਤੋਂ ਅਦਾਇਗੀ ਯੋਗ ਹੋਣਗੇ ।

5. ਸੋਧੇ ਹੋਏ ਤਨਖਾਹ ਸਕੇਲ ਯੂਨੀਵਰਸਿਟੀਆਂ (ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਸਮੇਤ) ਸਰਕਾਰੀ ਕਾਲਜਾਂ, ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਦੇ ਅਧਿਆਪਕਾਂ ਅਤੇ ਕਾਲਜਾਂ ਦੇ ਡਾਇਰੈਕਟੋਰੇਟ ਅਤੇ ਬਰਾਬਰ ਦੇ ਕਾਡਰਾਂ ਲਈ ਹੀ ਲਾਗੂ ਹੋਣ ਯੋਗ ਹਨ ।

6. ਸੋਧੇ ਹੋਏ ਤਨਖਾਹ ਸਕੇਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਗੁਰੂ ਅੰਗਦ ਦੇਵ ਪਸ਼ੂ ਪਾਲਣ ਅਤੇ ਪਸ਼ੂ ਚਿਕਿਤਸਾ ਵਿਗਿਆਨ ਯੂਨੀਵਰਸਿਟੀ, ਲੁਧਿਆਣਾ ਅਤੇ ਮੈਡੀਕਲ, ਤਕਨੀਕੀ ਅਤੇ ਇੰਜਨੀਅਰਿੰਗ ਯੂਨੀਵਰਸਿਟੀਆਂ ਅਤੇ ਕਾਲਜਾਂ ਦੀ ਸੂਰਤ ਵਿੱਚ ਲਾਗੂ ਹੋਣ ਜੋਗ ਨਹੀਂ ਹਨ ।

7. ਸਬੰਧਤ ਯੂਨੀਵਰਸਿਟੀਆਂ ਦੇ ਕਾਨੂੰਨਾਂ ਨਿਯਮਾਂ ਅਤੇ ਵਿਨਿਯਮਾਂ ਆਦਿ ਵਿੱਚ ਲੋੜੀਂਦੀ ਤਰਮੀਮ ਅਤੇ ਪੰਜਾਬ ਸਿੱਖਿਆ ਸੇਵਾ (ਕਾਲਜ ਕਾਡਰ) ਦਰਜਾ 1 ਅਤੇ 2 ਨਿਯਮਾਂਵਲੀ 1976 ਵਿੱਚ ਤਰਮੀਮਾਂ ਜਿਥੇ ਕਰਨ ਲਈ ਜਰੂਰਤ ਹੋਵੇ, ਸਬੰਧਤ ਯੂਨੀਵਰਸਿਟੀਆਂ/ਰਾਜ ਸਰਕਾਰ ਵੱਲੋਂ ਕੀਤੀਆਂ ਜਾਣਗੀਆਂ ।

8. ਅਧਿਆਪਕਾਂ ਦੀਆਂ ਹੋਰ ਸੇਵਾ ਸ਼ਰਤਾਂ ਉਹ ਹੀ ਹੋਣਗੀਆਂ ਜਿਵੇਂ ਕਿ ਰਾਜ ਸਰਕਾਰ ਵੱਲੋਂ ਨੋਟੀਫਾਈ ਕੀਤੀਆਂ ਜਾਣਗੀਆਂ ਜਾਂ ਮੌਜੂਦਾ ਸਕੀਮ (ਸਕੀਮਾਂ) ਦੀਆਂ ਲੀਹਾਂ ਉੱਤੇ ਯੂਨੀਵਰਸਿਟੀਆਂ/ਰਾਜ ਸਰਕਾਰ ਵੱਲੋਂ ਪ੍ਰਵਾਣਤ ਤਨਖਾਹ ਸਕੇਲਾਂ ਅਤੇ ਹੋਰ ਸਬੰਧਤ ਸ਼ਰਤਾਂ ਨੂੰ ਦਰਜ ਕਰਦੇ ਹੋਏ ਵਿਨਿਯਮਾਂ ਰਾਹੀਂ ਨਿਰਧਾਰਿਤ ਕੀਤੀਆਂ ਜਾਣਗੀਆਂ ।

9. ਉਪਰੋਕਤ ਸਕੀਮ ਭਾਰਤ ਸਰਕਾਰ ਮਨੁੱਖੀ ਸੰਸਾਧਨ ਵਿਕਾਸ ਮੰਤਰਾਲਾ ਵੱਲੋਂ ਉਨ੍ਹਾਂ ਦੇ ਪੱਤਰ ਵਿੱਚ ਦਰਸਾਈਆਂ ਸਾਰੀਆਂ ਸ਼ਰਤਾ ਦੀ ਪ੍ਰਵਾਨਗੀ ਦੇ ਤਾਬੇ ਲਾਗੂ ਹੋਣ ਯੋਗ ਹੋਵੇਗੀ ।

10. ਅਧਿਆਪਕਾਂ ਦੀ ਕਾਰਗੁਜਾਰੀ ਦਾ ਬਕਾਇਦਾ ਅਤੇ ਸਿਲਸਿਲੇਵਾਰ ਮੁਲਾਂਕਣ ਸਿੱਖਿਆ ਦੇ ਪਬੰਧਨ ਵਿੱਚ ਇਕ ਲਾਜ਼ਮੀ ਤੱਤ ਹੋਣਾ ਹੈ ਅਤੇ ਇਸ ਨੂੰ ਅਧਿਆਪਕਾਂ ਦੇ ਕਿੱਤਾ ਵਿਕਾਸ ਦੀ ਰੂਪ ਰੇਖਾ ਤਿਆਰ ਕਰਨ ਸਮੇਂ ਧਿਆਨ ਵਿੱਚ ਰੱਖਿਆ ਗਿਆ ਹੈ । ਜਦੋਂ ਤਕ ਰਾਜ ਸਰਕਾਰ/ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਤਿਆਰ ਕੀਤੀ ਜਾਣ ਵਾਲੀ ਨੀਤੀ ਦੇ ਮੁਤਾਬਿਕ ਅਧਿਆਪਕਾਂ ਦੀ ਕਾਰਗੁਜਾਰੀ ਦੇ ਮੁਲਾਂਕਣ ਲਈ ਅਗਵਾਈ ਲੀਹਾਂ ਤਿਆਰ ਨਹੀਂ ਕਰਦੀ ਅਤੇ ਉਹ ਸੰਚਾਲਿਤ ਨਹੀਂ ਹੁੰਦੀਆਂ, ਉਦੋਂ ਤਕ ਸਬੰਧਤ ਯੂਨੀਵਰਸਿਟੀਆਂ/ਰਾਜ ਸਰਕਾਰ ਵੱਲੋਂ ਨਿਰਧਾਰਤ ਮੌਜੂਦਾ ਚੋਣ ਕਾਰਜ-ਪ੍ਰਣਾਲੀ/ਚੋਣ ਕਾਰਜ ਵਿੱਧੀ ਸਾਰੀਆਂ ਨਿਯੁਕਤੀਆਂ/ਤਰੱਕੀਆਂ ਲਈ ਲਾਗੂ ਹੋਵੇਗੀ ।

11. ਸਾਰੇ ਅਧਿਆਪਕਾਂ ਅਤੇ ਬਰਾਬਰ ਦੇ ਕਾਡਰ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਸਿਫਾਰਸ਼ ਕੀਤੇ ਅਤੇ ਰਾਜ ਸਰਕਾਰ ਵੱਲੋਂ ਦਰਜ ਕੀਤੇ ਅਨੁਸਾਰ ਪ੍ਰੋਫੈਸ਼ਨਲ ਸਦਾਚਾਰਕ ਨੇਮਾਂ ਦੇ ਜਾਬਤੇ ਦੀ ਪਾਲਣਾ ਕਰਨਗੇ ।

12. ਉਪਰੋਕਤ ਸ਼ਰਤਾਂ ਇਸ ਨੋਟੀਫਿਕੇਸ਼ਨ ਦੇ ਜਾਰੀ ਹੋਣ ਦੀ ਤਾਰੀਖ ਨੂੰ ਜਾਂ ਉਸ ਤੋਂ ਬਾਅਦ ਨਿਯੁਕਤ ਕੀਤੇ ਸਾਰੇ ਅਧਿਆਪਕਾਂ ਅਤੇ ਬਰਾਬਰ ਦੇ ਕਾਡਰਾਂ (ਅਮਲੇ) ਲਈ ਲਾਗੂ ਹੋਣਗੇ । ਇਹ ਸ਼ਰਤਾਂ ਉਪਰ ਦਰਸਾਈਆਂ ਸੋਧਾਂ ਸਮੇਤ ਮੌਜੂਦ ਸਾਰੇ ਅਹੁਦੇਦਾਰਾਂ ਲਈ ਵੀ ਲਾਗੂ ਹੋਣਗੀਆਂ ।

13. ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਅਧਿਆਪਕਾਂ ਅਤੇ ਬਰਾਬਰ ਦੇ ਕਾਡਰਾਂ (ਅਮਲੇ) ਦੀਆਂ ਹੋਰ ਸੇਵਾ ਸ਼ਰਤਾਂ ਰਾਜ ਸਰਕਾਰ ਦੇ ਮੌਜੂਦਾ ਨਿਯਮਾਂ/ਹਦਾਇਤਾਂ ਦੁਆਰਾ ਨਿਯੰਤਰਣ ਹੋਣੀਆਂ ਜਾਰੀ ਰਹਿਣਗੀਆਂ ।

14. ਰਾਜ ਸਰਕਾਰ ਉਪਰੋਕਤ ਸ਼ਰਤਾਂ ਵਿੱਚੋਂ ਕਿਸੇ ਵੀ ਸ਼ਰਤ ਨੂੰ ਆਪਣੇ ਪੱਧਰ ਤੇ ਜਾਂ ਯੂਨੀਵਰਸਿਟੀ ਗਰਾਂਟਸ ਕਮਿਸ਼ਨ/ਭਾਰਤ ਸਰਕਾਰ ਦੀਆਂ ਸਿਫਾਰਸ਼ਾਂ ਉੱਤੇ ਤਬਦੀਲੀ ਕਰ ਸਕਦੀ ਹੈ ।

ਇਹ ਨੋਟੀਫਿਕੇਸ਼ਨ ਵਿੱਤ ਵਿਭਾਗ ਦੇ ਅੰਤਰ ਵਿਭਾਗੀ ਪੱਤਰ ਨੰ: 2/4/09-ਐਫ.ਈ.2/946; ਮਿਤੀ 22 ਅਪ੍ਰੈਲ, 2009 ਅਤੇ ਅ.ਵਿ.ਪ. ਨੰ: 2/4/09-1ਐਫ.ਈ.2/1946, ਮਿਤੀ 20 ਅਗਸਤ, 2009 ਅਤੇ ਮਿਤੀ 1 ਸਤੰਬਰ, 2009 ਰਾਹੀਂ ਭੇਜੀ ਗਈ ਉਨ੍ਹਾਂ ਦੀ ਸਹਿਮਤੀ ਨਾਲ ਜਾਰੀ ਕੀਤੀ ਜਾਂਦੀ ਹੈ ।

ਚੰਡੀਗੜ੍ਹ :
ਮਿਤੀ 2 ਸਤੰਬਰ, 2009.

ਕਰਨਬੀਰ ਸਿੰਘ ਸਿੱਧੂ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਉਚੇਰੀ ਸਿੱਖਿਆ ਵਿਭਾਗ ।

Scanned with CamScanner